# ਜੇ ਤੁਹਾਨੂੰ ਕੰਮ ਤੋਂ ਹਟਾ ਦਿੱਤਾ ਜਾਂਦਾ ਹੈ ਤਾਂ ਕੀ ਹੁੰਦਾ ਹੈ?

ਤੁਹਾਡੇ ਕੋਲ ਆਪਣੇ ਕੰਮ ਦਾ ਕਾਨੂੰਨੀ ਹੱਕ ਨਹੀਂ ਹੈ। ਤੁਹਾਡਾ ਕੰਮ-ਮਾਲਕ (ਇਮਪਲੌਇਅਰ) ਕਈ ਕਾਰਨਾਂ ਕਰਕੇ ਤੁਹਾਨੂੰ ਕੰਮ ਤੋਂ ਹਟਾ ਸਕਦਾ ਹੈ, ਜਿਸ ਵਿਚ ਕੰਮ ਦੀ ਮਾੜੀ ਕਾਰਗੁਜ਼ਾਰੀ, ਅਕਸਰ ਲੇਟ ਆਉਣਾ, ਕੰਮ 'ਤੇ ਨਾ ਆਉਣਾ, ਜਾਂ ਮਾੜਾ ਵਤੀਰਾ ਹੋਣਾ ਸ਼ਾਮਲ ਹਨ।

ਬੀ.ਸੀ. ਦੇ ਕਾਨੂੰਨ ਅਧੀਨ, ਜੇ ਤੁਹਾਡਾ ਕੰਮ-ਮਾਲਕ ਤੁਹਾਨੂੰ ਕੰਮ ਤੋਂ ਹਟਾਉਣ ਦਾ ਫੈਸਲਾ ਕਰਦਾ ਹੈ ਤਾਂ ਉਸ ਲਈ ਤੁਹਾਨੂੰ ਇਹ ਲਿਖਤੀ ਨੋਟਿਸ ਦੇਣਾ ਜ਼ਰੂਰੀ ਹੈ ਕਿ ਤੁਹਾਡੀ ਜੌਬ ਕਦੋਂ ਖਤਮ ਹੋਵੇਗੀ। ਜੇ ਉਹ ਇਹ ਫੈਸਲਾ ਕਰਦਾ ਹੈ ਕਿ ਤੁਹਾਡੇ ਲਈ ਫੌਰਨ ਕੰਮ ਛੱਡ ਕੇ ਜਾਣਾ ਜ਼ਰੂਰੀ ਹੈ ਤਾਂ ਉਸ ਲਈ ਤੁਹਾਨੂੰ ਮੁਆਵਜ਼ੇ ਵਜੋਂ ਕੁਝ ਪੈਸੇ ਦੇਣੇ ਜ਼ਰੂਰੀ ਹਨ।

## ਨੋਟਿਸ ਅਤੇ ਮੁਆਵਜ਼ਾ

ਤੁਹਾਨੂੰ ਦਿੱਤੇ ਜਾਣ ਵਾਲੇ ਨੋਟਿਸ ਜਾਂ ਮੁਆਵਜ਼ੇ ਦੀ ਮਾਤਰਾ ਇਸ ਚੀਜ਼ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਆਪਣੇ ਕੰਮ-ਮਾਲਕ ਲਈ ਕਿੰਨਾ ਲੰਮਾ ਸਮਾਂ ਕੰਮ ਕੀਤਾ ਹੈ।

ਜੇ ਤੁਹਾਡਾ ਕੰਮ-ਮਾਲਕ ਤੁਹਾਨੂੰ ਬਿਨਾਂ ਕਿਸੇ ਨੋਟਿਸ ਦੇ ਕੰਮ ਤੋਂ ਹਟਾਉਂਦਾ ਹੈ ਤਾਂ ਤੁਹਾਨੂੰ ਘੱਟੋ ਘੱਟ ਇਹ ਹੱਕ ਹੈ:

- ਇਕ ਹਫਤੇ ਦੀ ਤਨਖਾਹ ਜੇ ਤੁਸੀਂ ਘੱਟੋ ਘੱਟ ਤਿੰਨ ਮਹੀਨੇ ਕੰਮ ਕੀਤਾ ਹੈ।
- ਦੋ ਹਫਤਿਆਂ ਦੀ ਤਨਖਾਹ ਜੇ ਤੁਸੀਂ ਇਕ ਸਾਲ ਲਈ ਕੰਮ ਕੀਤਾ ਹੈ
- ਤਿੰਨ ਹਫਤਿਆਂ ਦੀ ਤਨਖਾਹ ਜੇ ਤੁਸੀਂ ਤਿੰਨ ਸਾਲਾਂ ਲਈ ਕੰਮ ਕੀਤਾ ਹੈ।

ਤੁਹਾਡੇ ਕੰਮ-ਮਾਲਕ ਲਈ, ਵੱਧ ਤੋਂ ਵੱਧ ਅੱਠ ਸਾਲਾਂ ਦੇ ਕੰਮ ਲਈ ਹਰ ਸਾਲ ਪਿੱਛੇ ਇਕ ਹਫਤੇ ਦੀ ਤਨਖਾਹ ਦੇਣਾ ਜ਼ਰੂਰੀ ਹੈ।

ਕੁਝ ਕਾਰਨ ਅਜਿਹੇ ਹਨ ਜਦੋਂ ਤੁਹਾਡਾ ਕੰਮ-ਮਾਲਕ ਤੁਹਾਨੂੰ ਨੋਟਿਸ ਜਾਂ ਮੁਆਵਜ਼ਾ ਦਿੱਤੇ ਬਿਨਾਂ ਹੀ ਕੰਮ ਤੋਂ ਹਟਾ ਸਕਦਾ ਹੈ। ਇਨ੍ਹਾਂ ਵਿਚ ਸ਼ਾਮਲ ਹਨ:

- ਤੁਹਾਨੂੰ ਕਿਸੇ ਅਜਿਹੇ ਕੰਮ ਲਈ ਰੱਖਿਆ ਗਿਆ ਸੀ ਜਿਸ ਬਾਰੇ ਤੁਸੀਂ ਜਾਣਦੇ ਹੋ ਕਿ ਸਿਰਫ 12 ਮਹੀਨੇ ਜਾਂ ਘੱਟ ਸਮਾਂ ਹੀ ਰਹੇਗਾ।
- ਤੁਹਾਡਾ ਕੰਮ ਖਤਮ ਹੋ ਗਿਆ ਹੈ ਅਤੇ ਤੁਹਾਡੇ ਕੰਮ-ਮਾਲਕ ਨੇ ਤੁਹਾਨੂੰ ਇਹੋ ਜਿਹੇ ਕਿਸੇ ਹੋਰ ਦੀ ਪੇਸ਼ਕਸ਼ ਕੀਤੀ ਹੈ ਪਰ ਤੁਸੀਂ ਇਹ ਪ੍ਰਵਾਨ ਨਹੀਂ ਕੀਤੀ
- ਤੁਹਾਡੇ ਕੰਮ ਵਾਲੀ ਥਾਂ ਕਿਸੇ ਅਜਿਹੀ ਚੀਜ਼ ਕਰਕੇ ਤਬਾਹ ਹੋ ਗਈ ਹੈ ਜਿਸ ਉੱਪਰ ਤੁਹਾਡੇ ਕੰਮ-ਮਾਲਕ ਦਾ ਕੰਟਰੋਲ ਨਹੀਂ ਹੈ (ਜਿਵੇਂ ਅੱਗ ਲੱਗਣਾ, ਹੜ੍ਹ ਆਉਣਾ)

## ਵਾਜਬ ਕਾਰਨ

ਤੁਹਾਡਾ ਕੰਮ-ਮਾਲਕ ਤੁਹਾਨੂੰ ਤੁਹਾਡੀ ਨੌਕਰੀ ਦੇ ਤਿੰਨ ਮਹੀਨਿਆਂ ਬਾਅਦ ਬਿਨਾਂ ਕਿਸੇ ਨੋਟਿਸ ਜਾਂ ਮੁਆਵਜ਼ੇ ਦੇ ਤਾਂ ਵੀ ਕੰਮ ਤੋਂ ਹਟਾ ਸਕਦਾ ਹੈ ਜੇ ਉਸ ਕੋਲ ਅਜਿਹਾ ਕਰਨ ਦਾ ਕੋਈ ਵਾਜਬ ਕਾਰਨ ਹੋਵੇ। ਵਾਜਬ ਕਾਰਨ ਦੀਆਂ ਉਦਾਹਰਣਾਂ ਵਿਚ ਆਪਣੇ ਕੰਮ-ਮਾਲਕ ਦੇ ਚੋਰੀ ਕਰਨਾ ਜਾਂ ਆਪਣੇ ਸਾਥੀ ਕਾਮੇ 'ਤੇ ਹਮਲਾ ਕਰਨਾ ਸ਼ਾਮਲ ਹਨ।

ਜੇ ਤੁਹਾਨੂੰ ਕੰਮ ਤੋਂ ਹਟਾਇਆ ਜਾਂਦਾ ਹੈ ਤਾਂ ਤੁਹਾਡੇ ਕੰਮ-ਮਾਲਕ ਲਈ ਤੁਹਾਡੇ ਕੀਤੇ ਕੰਮ ਦੀਆਂ ਸਾਰੀਆਂ ਤਨਖਾਹਾਂ 48 ਘੰਟਿਆਂ ਦੇ ਵਿਚ ਵਿਚ ਤੁਹਾਨੂੰ ਦੇਣਾ ਜ਼ਰੂਰੀ ਹੈ।

ਇਹ ਆਰਟੀਕਲ, ਬੀ ਸੀ ਵਿਚ ਕੰਮ ਕਰਨ ਬਾਰੇ ਕੁਝ ਕਾਨੂੰਨਾਂ ਦੀ ਸੰਖੇਪ ਜਾਣ ਪਛਾਣ ਹੈ। ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਲੈਣ ਲਈ, ਅੱਗੇ ਲਿਖੇ ਵੈੱਬਸਾਈਟ 'ਤੇ ਇਮਪਲੌਇਮੈਂਟ ਸਟੈਂਡਰਡਜ਼ ਬਰਾਂਚ ਦੇ ਵੈੱਬਸਾਈਟ 'ਤੇ ਜਾਉ:

www.labour.gov.bc.ca/esb/

Immigrant PLEI Consortium

This project is made possible through funding from the Government of Canada and the Province of British columbia